ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ 7 ਸ਼ਾਖਾ)
ਅਧਿਸੂਚਨਾ

ਨੰ: 3ਏ/77/11-3ਸਿ7/324 ਚੰਡੀਗੜ੍ਹ ਮਿਤੀ 27-1-2014

ਜਦਕਿ ਪੰਜਾਬ ਸਰਕਾਰ ਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਸਰਕਾਰ ਨੂੰ ਜਨਤਕ ਖਰਚੇ ਤੇ ਜਨਤਕ ਉਦੇਸ਼ ਵਾਸਤੇ ਅਰਥਾਤ ਸਿਵਲ ਹਸਪਤਾਲ, ਨਵਾਂਸ਼ਹਿਰ ਦੇ ਰਸਤੇ ਦਾ ਨਿਰਮਾਣ ਕਰਨ ਲਈ ਜ਼ਮੀਨ ਪ੍ਰਾਪਤ ਕਰਨ ਦੀ ਲੋੜ ਹੈ। ਇਸ ਦੁਆਰਾ ਅਧਿਸੂਚਿਤ ਕੀਤਾ ਜਾਂਦਾ ਹੈ ਕਿ ਸਪੈਸੀਫਿਕੇਸ਼ਨ ਵਿੱਚ ਦਰਸਾਏ ਖੇਤਰ ਵਿਚਲੀ ਜ਼ਮੀਨ ਦੀ ਉਪਰੋਕਤ ਉਦੇਸ਼ ਲਈ ਲੋੜ ਹੈ।

ਇਹ ਅਧਿਸੂਚਨਾ ਭੋ ਪ੍ਰਾਪਤੀ ਐਕਟ 1894 ਦੀ ਧਾਰਾ 4 ਦੀ ਵਿਵਸਥਾ ਅਧੀਨ ਉਨ੍ਹਾਂ ਸਾਰਿਆਂ ਲਈ ਜਾਰੀ ਕੀਤੀ ਗਈ ਹੈ ਜੋ ਇਸ ਨਾਲ ਸਬੰਧਤ ਹਨ।

ਦੱਸੀ ਗਈ ਧਾਰਾ ਦੁਆਰਾ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਰਾਜਪਾਲ ਪੰਜਾਬ ਉਨ੍ਹਾਂ ਅਧਿਕਾਰੀਆਂ ਜੋ ਇਸ ਸਮੇਂ ਆਪਣੇ ਕਾਮਿਆਂ ਅਤੇ ਕਰਮਚਾਰੀਆਂ ਨਾਲ ਕੰਮ ਵਿੱਚ ਰੁੱਝੇ ਹੋਏ ਹਨ, ਨੂੰ ਖੁਸ਼ੀ ਸਹਿਤ ਨਿਰਦੇਸ਼ ਦਿੰਦੇ ਹਨ ਕਿ ਉਹ ਖੇਤਰ ਵਿਚਲੀ ਜ਼ਮੀਨ ਨੂੰ ਕਾਨੂੰਨੀ ਰੂਪ ਵਿੱਚ ਗ੍ਰਹਿਣ ਕਰਨ ਅਤੇ ਸਰਵੇਖਣ ਕਰਨ ਅਤੇ ਉਹ ਸਾਰੀਆਂ ਕਾਰਵਾਈਆਂ ਕਰਨ ਜੋ ਇਸ ਧਾਰਾ ਦੁਆਰਾ ਲੋੜੀਦੀਆਂ ਹਨ ਜਾਂ ਜਿਨ੍ਹਾਂ ਦੀ ਇਜਾਜ਼ਤ ਹੈ।

ਇਸ ਤੋਂ ਇਲਾਵਾ ਦੱਸੇ ਗਏ ਐਕਟ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਪੰਜਾਬ ਸਰਕਾਰ ਖੁਸ਼ੀ ਸਹਿਤ ਨਿਰਦੇਸ਼ ਦਿੰਦੀ ਹੈ ਕਿ ਇਸ ਮਾਮਲੇ ਵਿੱਚ ਅੱਤ ਆਵੱਸ਼ਕ ਅਧਾਰ ਤੇ ਧਾਰਾ 17 ਅਧੀਨ ਕਾਰਵਾਈ ਕੀਤੀ ਜਾਵੇ ਅਤੇ ਇਸ ਪ੍ਰਾਪਤੀ ਸਬੰਧੀ ਧਾਰਾ 5-ਏ ਦੀਆਂ ਵਿਵਸਥਾਵਾਂ ਲਾਗੂ ਨਹੀ ਹੋਣਗੀਆਂ।

ਸਪੈਸੀਫਿਕੇਸ਼ਨ

| ਲੜੀ ਨੰ: | ਤਹਿਸੀਲ | ਪਿੰਡ ਦਾ ਨਾਂ ਅਤੇ ਹਦਬਸਤ ਨੰ: | ਮਾਲਕ ਦਾ ਨਾਂ | ਕਾਸ਼ਤਕਾਰ ਦਾ ਨਾਂ | ਖਸਰਾ ਨੰ: | ਪ੍ਰਾਪਤ ਕੀਤੀ ਜਾਣ ਵਾਲੀ ਜ਼ਮੀਨ ਦਾ ਖੇਤਰ ਕਨਾਲ-ਮਰਲਾ-ਸਰਸਾਈ |
|---|---|---|---|---|---|---|
| 1 | ਸ਼ਹੀਦ ਭਗਤ ਸਿੰਘ ਨਗਰ | ਜੇਠੂ ਮਾਜਰਾ ਹਦਬਸਤ ਨੰਬਰ 136 | ਸ੍ਰੀ ਅਵਤਾਰ ਸਿੰਘ ਪੁੱਤਰ ਸ੍ਰੀ ਜੋਗਿੰਦਰ ਸਿੰਘ | ਖੁਦਕਾਸ਼ਤਕਾਰ | 5/6-2 ਮਿੰਨ | 6 ਮਰਲੇ, 8 ਸਰਸਾਈ |
| 2 | | | ਸ੍ਰੀ ਅਵਤਾਰ ਸਿੰਘ ਪੁੱਤਰ ਸ੍ਰੀ ਜੋਗਿੰਦਰ ਸਿੰਘ | ਖੁਦਕਾਸ਼ਤਕਾਰ | 15 ਮਿੰਨ | 8 ਮਰਲੇ |
| 3 | | | ਸ੍ਰੀ ਅਜੀਤ ਸਿੰਘ ਪੁੱਤਰ ਸ੍ਰੀ ਰੋਡਾ | ਖੁਦਕਾਸ਼ਤਕਾਰ | 25/2 ਮਿੰਨ | 8 ਮਰਲੇ |
| 4 | | | ਸ੍ਰੀ ਫੁੰਮਣ ਸਿੰਘ ਪੁੱਤਰ ਰੋਡਾ | ਨਰੇਸ਼ ਪੁੱਤਰ ਸ੍ਰੀ ਕਿਸ਼ਨ ਚੰਦ | 16/1 ਮਿੰਨ | 8 ਮਰਲੇ |
| 5 | | | ਸ੍ਰੀ ਅਮਰਨਾਥ ਵਾਸੀ ਬਰਨਾਲਾ ਕਲਾਂ | ਅਜੀਤ ਸਿੰਘ ਪੁੱਤਰ ਸ੍ਰੀ ਰੋਡਾ | 10/5/2 ਮਿੰਨ | 5 ਮਰਲੇ, 2 ਸਰਸਾਈ |
| | | ਕੁੱਲ ਰਕਬਾ | | | | 1 ਕਨਾਲ, 16 ਮਰਲੇ, 1 ਸਰਸਾਈ |

| | ਕਨਾਲ | ਮਰਲਾ | ਸਰਸਈ |
|---|---|---|---|
| ਕੁੱਲ ਖੇਤਰ ਫਲ | 1 | 16 | 1 |

ਵਿਨੀ ਮਹਾਜਨ
ਪ੍ਰਮੁੱਖ ਸਕੱਤਰ ਪੰਜਾਬ ਸਰਕਾਰ,
ਸਿਹਤ ਤੇ ਪਰਿਵਾਰ ਭਲਾਈ ਵਿਭਾਗ

ਮਿਤੀ,ਚੰਡੀਗੜ੍ਹ
23.01.2014

ਪਿੱਠ ਅੰਕਣ ਨੰ:3ਏ/77/11-3ਸਿ7/ ਮਿਤੀ,ਚੰਡੀਗੜ੍ਹ:

ਉਪਰੋਕਤ ਦਾ ਇੱਕ ਉਤਾਰਾ ਕੰਟਰੋਲਰ, ਛਪਾਈ ਅਤੇ ਲਿੱਖਣ ਸਮੱਗਰੀ ਵਿਭਾਗ, ਪੰਜਾਬ ਐਸ.ਏ.ਐਸ.ਨਗਰ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਨੋਟੀਫਿਕੇਸ਼ਨ ਪੰਜਾਬ ਸਰਕਾਰ ਦੇ Extra Ordinary Gazette ਵਿੱਚ ਛਾਪਿਆ ਜਾਵੇ ਅਤੇ ਇਸ ਦੀਆਂ 10 ਕਾਪੀਆਂ ਪ੍ਰੱਮੁਖ ਸਕੱਤਰ ਪੰਜਾਬ ਸਰਕਾਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ,ਪੰਜਾਬ, ਚੰਡੀਗੜ੍ਹ ਅਤੇ 40 ਕਾਪੀਆਂ ਉਪ ਮੰਡਲ ਮੈਜਿਸਟਰੇਟ-ਕਮ-ਭੌਂ ਪ੍ਰਾਪਤੀ ਕੁਲੈਕਟਰ, ਨਵਾਂਸ਼ਹਿਰ ਨੂੰ ਭੇਜੀਆਂ ਜਾਣ।

ਅਧੀਨ ਸਕੱਤਰ, ਸਿਹਤ(ਕੇ)

ਪਿੱਠ ਅੰਕਣ ਨੰ:3ਏ/77/11-3ਸਿ7/ ਮਿਤੀ,ਚੰਡੀਗੜ੍ਹ

ਇਸ ਦਾ ਇੱਕ ਉਤਾਰਾ ਡਾਇਰੈਕਟਰ, ਲੋਕ ਸੰਪਰਕ ਵਿਭਾਗ, ਚੰਡੀਗੜ੍ਹ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਭੌਂ ਪ੍ਰਾਪਤੀ ਐਕਟ 1894 ਮੁਤਾਬਿਕ ਉਕਤ ਨੋਟੀਫਿਕੇਸ਼ਨ ਦੋ ਅਖਬਾਰਾਂ ਵਿੱਚ ਛਾਪਿਆਂ ਜਾਵੇ।

ਅਧੀਨ ਸਕੱਤਰ, ਸਿਹਤ(ਕੇ)

ਪਿੱਠ ਅੰਕਣ ਨੰ:3ਏ/77/11-3ਸਿ7/ ਮਿਤੀ,ਚੰਡੀਗੜ੍ਹ

ਇਸ ਦਾ ਇੱਕ ਉਤਾਰਾ ਉਪ ਮੰਡਲ ਮੈਜਿਸਟਰੇਟ-ਕਮ-ਭੌਂ ਪ੍ਰਾਪਤੀ ਕੁਲੈਕਟਰ, ਨਵਾਂ ਸ਼ਹਿਰ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਨੂੰ ਸੂਚਨਾਂ ਅਤੇ ਲੋੜੀਦੀਂ ਕਾਰਵਾਈ ਹਿੱਤ ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਨੋਟੀਫਿਕੇਸ਼ਨ ਦੀਆਂ 40 ਕਾਪੀਆਂ ਕੰਟਰੋਲਰ, ਛਪਾਈ ਅਤੇ ਲਿੱਖਣ ਸਮੱਗਰੀ ਵਿਭਾਗ, ਪੰਜਾਬ ਐਸ.ਏ.ਐਸ.ਨਗਰ ਤੋਂ ਪ੍ਰਾਪਤ ਕਰ ਲਈਆਂ ਜਾਣ।

ਅਧੀਨ ਸਕੱਤਰ, ਸਿਹਤ(ਕੇ)

ਪਿੱਠ ਅੰਕਣ ਨੰ:3ਏ/77/11-3ਸਿ7/ 328-332 ਮਿਤੀ,ਚੰਡੀਗੜ੍ਹ: 27-1-2014

ਇਸ ਦਾ ਇੱਕ ਉਤਾਰਾ ਹੇਠ ਲਿਖੀਆਂ ਨੂੰ ਸੂਚਨਾਂ ਅਤੇ ਅਗਲੇਰੀ ਲੋੜੀਦੀਂ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ।
2. ਮੈਨੇਜਿੰਗ ਡਾਇਰੈਕਟਰ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ, ਮੋਹਾਲੀ।
3. ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ।
4. ਨਿਜੀ ਸਕੱਤਰ/ਸਿਹਤ ਮੰਤਰੀ ਪੰਜਾਬ
5. ਨਿਜੀ ਸਕੱਤਰ/ਪ੍ਰ:ਸ:ਸਿਹਤ ਜੀ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸਨ ਨੂੰ ਵਿਭਾਗ ਦੀ ਵੈਬ ਸਾਈਟ ਤੇ ਪਾਇਆ ਜਾਵੇ।

ਅਧੀਨ ਸਕੱਤਰ, ਸਿਹਤ(ਕੇ)